AA-24-X-L-40

№ 000190

# PUNJABI

## Paper II

## (Literature)

*Time Allowed : Three Hours* | *Maximum Marks : 300*

---

### *INSTRUCTIONS*

***Candidates should attempt questions 1 and 5 which are compulsory, and any THREE of the remaining questions selecting at least ONE question from each Section.***

***All questions carry equal marks.***

***Answers must be written in Punjabi (Gurumukhi Script).***

---

### SECTION A

1. ਨਿਮਨਲਿਖਿਤ ਕਾਵਿ-ਟੋਟਿਆਂ ਵਿਚੋਂ ਕੇਵਲ ਤਿੰਨ ਦੀ ਪ੍ਰਸੰਗ ਸਹਿਤ ਅਤੇ ਆਲੋਚਨਾਤਮਕ ਵਿਆਖਿਆ ਕਰੋ :

(ੳ) ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ, ਬਾਵਲਿ ਹੋਈ ਸੁ ਸਹੁ ਲੋਰਉ ।

ਤੈਂ ਸਹਿ ਮਨ ਮਹਿ ਕੀਆ ਰੋਸ਼, ਮੁਝ ਅਵਗਨ ਸਹ ਨਾਹੀ ਦੋਸੁ ॥੧॥

punjabiforias.com by Satinder Sir



Scanned with CamScanner

ਤੈਂ ਸਾਹਿਬ ਕੀ ਮੈਂ ਸਾਰ ਨ ਜਾਨੀ, ਜੋਬਨੁ ਖੋਇ ਪਾਛੈ ਪਛੁਤਾਨੀ ।।੧।। ਰਹਾਉ ।।

ਕਾਲੀ ਕੋਇਲ ਤੂ ਕਿਤ ਗੁਨ ਕਾਲੀ, ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ।

ਪਿਰਹਿ ਬਿਹੂਨ ਕਤਹਿ ਸੁਖ ਪਾਏ, ਜਾ ਹੋਇ ਕ੍ਰਿਪਾਲ ਤਾ ਪ੍ਰਭ ਮਿਲਾਏ ।।੨।।

ਵਿਧਣ ਖੂਹੀ ਮੁੰਧ ਇਕੇਲੀ, ਨਾ ਕੋ ਸਾਥੀ ਨਾ ਕੋ ਬੇਲੀ ।

ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ, ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ।।੩।।

ਵਾਟ ਹਮਾਰੀ ਖਰੀ ਉਡੀਣੀ, ਖੰਨਿਅਹੁ ਤਿਖੀ ਬਹੁਤੁ ਪਿਈਣੀ ।

ਉਸ ਊਪਰਿ ਹੈ ਮਾਰਗੁ ਮੇਰਾ, ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ।।੪।।

punjabiforias.com by Satinder Sir

(ਅ) ਭਰੀਐ ਹਥੁ ਪੈਰੁ ਤਨੁ ਦੇਹ, ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜੁ ਹੋਇ, ਦੇ ਸਾਬੂਣ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ ।
ਪੁੰਨੀ ਪਾਪੀ ਆਖਣੁ ਨਾਹਿ, ਕਰਿ ਕਰਿ ਕਰਨਾ ਲਿਖਿ ਲੈ ਜਾਹੁ ।
ਆਪੇ ਬੀਜਿ ਆਪੇ ਹੀ ਖਾਹੁ, ਨਾਨਕ ਹੁਕਮੀ ਆਵਹੁ ਜਾਹੁ ।।੨੦।।



Scanned with CamScanner

(ੲ) ਘੜਿਆਲੀ ਦੇਹੁ ਨਿਕਾਲ ਨੀ

ਅਜ ਪੀ ਘਰ ਆਯਾ ਲਾਲ ਨੀ ।

ਮੈਨੂੰ ਆਪਣੀ ਖਬਰ ਨ ਕਾਈ

ਕਿਆ ਜਾਣਾ ਮੈਂ ਕਿਤ ਵਿਆਹੀ

ਏਹ ਗਲ ਕੀਕੂੰ ਛਪੈ ਛਪਾਈ

ਹੁਣ ਹੋਯਾ ਫਜ਼ਲ ਕਮਾਲ ਨੀ

ਘੜਿਆਲੀ ਦਿਉ ਨਿਕਾਲ ਨੀ ।

(ਸ) ਭਾਈਆਂ ਬਾਝ ਨ ਮਜਲਸਾਂ ਸੋਹੰਦੀਆਂ ਨੀ

ਅਤੇ ਭਾਈਆਂ ਬਾਝ ਬਹਾਰ ਨਾਹੀਂ

ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ

ਬਿਨਾਂ ਭਾਈਆਂ ਭਰੇ ਪਰਵਾਰ ਨਾਹੀਂ

ਲਖ ਓਟ ਹੈ ਕੋਲ ਵਸੇਂਦਿਆਂ ਦੀ

ਭਾਈਆਂ ਗਿਆਂ ਜੇਡੀ ਕੋਈ ਹਾਰ ਨਾਹੀਂ ।

ਭਾਈ ਢਾਂਵਦੇ ਭਾਈ ਉਸਾਰਦੇ ਨੀ

ਭਾਈਆਂ ਬਾਝ ਬੇਲੀ ਕੋਈ ਯਾਰ ਨਾਹੀਂ ।।

2. ਫਰੀਦ-ਬਾਣੀ ਵਿਚ ਪ੍ਰਭੂ ਪ੍ਰੇਮ ਦੇ ਸੰਜੋਗ ਅਤੇ ਵਿਯੋਗ ਦੋਵੇਂ ਪੱਖ ਬੜੀ ਸ਼ਿੱਦਤ ਨਾਲ ਬਿਆਨ ਕੀਤੇ ਗਏ ਹਨ । ਫਰੀਦ ਬਾਣੀ ਵਿਚੋਂ ਉਦਾਹਰਣ ਦੇ ਕੇ ਇਸ ਕਥਨ ਦੀ ਪਰਖ ਕਰੋ । (7)

punjabiforias.com by Satinder Sir



Scanned with CamScanner